# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇ-8, ਮੋਹਾਲੀ,ਫੋਨ ਨੰ. 0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਪੰਜਾਬ

ਸਮੂਹ ਪ੍ਰਿੰਸੀਪਲ ਡਾਇਟ

ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਸਮੂਹ ਡੀ.ਐਮ. ਗਣਿਤ ਅਤੇ ਬੀ.ਐਮ. ਗਣਿਤ

ਸਮੂਹ ਮੈਥ ਪੜ੍ਹਾਉਂਦੇ ਅਧਿਆਪਕ (ਵੈਬਸਾਈਟ ਰਾਹੀਂ)

ਮੀਮੋ ਨੰ: SCERT/QP/UP/2022-174915 ਮਿਤੀ:- 05-07-2022

ਵਿਸ਼ਾ :- ਸਕੂਲ ਪੱਧਰ ਤੇ ਗਣਿਤ ਮੇਲਾ(ਸੈਸ਼ਨ 2022-23) ਕਰਵਾਉਣ ਸਬੰਧੀ।

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ - ਗਣਿਤ' ਪ੍ਰੋਗਰਾਮ ਤਹਿਤ ਸਮੂਹ ਸਕੂਲਾਂ ਵਿੱਚ ਗਣਿਤ ਵਿਸ਼ੇ ਦੇ ਗੁਣਾਤਮਕ ਸੁਧਾਰ ਲਈ ਇਹ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਹੇਠ ਲਿਖੀਆਂ ਮਿਤੀਆਂ ਅਨੁਸਾਰ ਸਮੂਹ ਸਰਕਾਰੀ ਸਕੂਲਾਂ ਵਿੱਚ ਗਣਿਤ ਮੇਲਾ ਕਰਵਾਇਆ ਜਾਵੇਗਾ ਜਿਸ ਵਿੱਚ ਛੇਵੀਂ ਤੋਂ ਬਾਰ੍ਹਵੀਂ ਤਕ ਪੜ੍ਹਦੇ ਹਰੇਕ ਵਿਦਿਆਰਥੀ ਨੂੰ ਗਣਿਤ ਪ੍ਰਤੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ ਜਾਵੇਗਾ।

3.0. ਸਕੂਲ ਪੱਧਰ ਤੇ Pre-Fair(Math) Workshop ਅਤੇ Math Fair ਹੇਠ ਲਿਖੇ ਸ਼ਡਿਊਲ ਅਨੁਸਾਰ ਕਰਵਾਇਆ ਜਾ ਰਿਹਾ ਹੈ:

| Activity | ਸਮਾਂ |
|---|---|
| Pre-Fair (Math) workshop | Pre-Fair(Math) workshop -ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਮਾਡਲ/ਕ੍ਰਿਆਵਾਂ ਦੀ ਤਿਆਰੀ ਕਰਵਾਉਣਾ<br>Span- 4 ਦਿਨ<br>ਮਿਤੀ- 25.07.2022 ਤੋਂ 28.07.2022 (ਫੇਜ਼-1) |
| Math Fair | Math Fair- ਵਿਦਿਆਰਥੀ ਆਪਣੇ ਬਣਾਏ ਗਏ ਮਾਡਲ/ ਐਕਟੀਵਿਟੀ ਨੂੰ ਪ੍ਰਦਰਸ਼ਿਤ ਕਰੇਗਾ।<br>Span- 2 ਦਿਨ<br>ਮਿਤੀ- 29.07.2022 ਤੋਂ 30.07.2022 (ਸਕੂਲਾਂ ਵਿੱਚ ਕਿਸੇ ਇੱਕ ਦਿਨ ਇਸ ਦਾ ਆਯੋਜਨ ਕਰਨਗੇ) |

5/7/22

ਨੋਟ :- ਡੀ.ਐਮ./ਬੀ.ਐਮ. ਅਧਿਆਪਕ ਦੀ ਵਿਸ਼ੇਸ਼ ਮੰਗ ਅਨੁਸਾਰ ਇਸ ਸ਼ਡਿਊਲ ਦੀ ਤਾਰੀਖ ਵਿੱਚ ਲੋੜੀਂਦੀ ਤਬਦੀਲੀ ਕਰ ਸਕਦੇ ਹਨ ਪਰ ਸਾਰੇ ਸਕੂਲਾਂ ਵਿੱਚ ਗਣਿਤ ਮੇਲੇ ਹਰ ਹਾਲਤ ਵਿੱਚ ਮਿਤੀ 30.07.2022 ਤੱਕ ਮੁਕੰਮਲ ਹੋ ਜਾਣੇ ਚਾਹੀਦੇ ਹਨ।

4.0. ਇਸ ਪ੍ਰੋਗਰਾਮ ਦੇ ਸਫਲ ਸੰਚਾਲਨ ਅਤੇ ਸਕਰਾਤਮਕ ਨਤੀਜਿਆਂ ਲਈ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਗਣਿਤ ਮੇਲਾ ਕਰਵਾਉਣ ਦੀ ਪਲਾਨਿੰਗ ਆਪਣੀ ਦੇਖ ਰੇਖ ਵਿੱਚ ਕਰਣਗੇ। ਇਸ ਲਈ ਉਪਰੋਕਤ ਸਮਾਂ ਸਾਰਣੀ ਅਨੁਸਾਰ ਗਣਿਤ ਪੜ੍ਹਾ ਰਹੇ ਅਧਿਆਪਕ ਦੀ ਡਿਊਟੀ ਲਗਾਈ ਜਾਵੇ। ਚਾਰ ਦਿਨਾਂ ਦੀ ਗਾਈਡੈਂਸ ਅਤੇ Pre-Fair(Math) workshop ਤੋਂ ਬਾਅਦ ਗਣਿਤ ਮੇਲੇ ਦਾ ਆਯੋਜਨ ਕੀਤਾ ਜਾਵੇਗਾ। ਗਣਿਤ ਮੇਲੇ ਲਗਾਉਣ ਲਈ ਹੇਠ ਲਿਖੀਆਂ ਕੁੱਝ ਗੱਲਾਂ ਤੇ ਧਿਆਨ ਦਿੱਤਾ ਜਾਵੇ:-

4.1. ਗਣਿਤ ਮੇਲੇ ਵਿੱਚ ਛੇਵੀਂ, ਸੱਤਵੀਂ, ਅੱਠਵੀਂ, ਨੌਵੀਂ ਅਤੇ ਦੱਸਵੀਂ ਜਮਾਤਾ ਦੇ ਹਰ ਇੱਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ।

4.2. ਗਣਿਤ ਮੇਲਾ ਸਿਰਫ਼ ਤੇ ਸਿਰਫ਼ ਸਕੂਲ ਪੱਧਰ ਤੇ ਹੋਵੇਗਾ।

4.3. ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਨਾਲ ਨੱਥੀ ਲਿਸਟ ਵਿਚੋਂ Activity assign ਕਰ ਸਕਦੇ ਹਨ।

4.4. ਪ੍ਰੀ-ਫੇਅਰ ਦੌਰਾਨ ਵਿਦਿਆਰਥੀਆਂ ਨੂੰ ਲੋੜੀਂਦਾ ਸਮਾਨ ਸਕੂਲ ਵਲੋਂ ਮੁਹੱਈਆ ਕਰਵਾਇਆ ਜਾਵੇਗਾ। ਜਿਸ ਲਈ ਹੈੱਡ ਆਫਿਸ ਵੱਲੋਂ ਸਮੂਹ ਸਕੂਲਾਂ(ਮਿਡਲ/ਹਾਈ/ਸੀ.ਸੈ. ਸਕੂਲਾਂ) ਲਈ ਜ਼ਿਲ੍ਹਾਵਾਰ ਹੇਠ ਲਿਖੇ ਅਨੁਸਾਰ PAB ਦੇ ਮਿੰਟਜ਼ ਮੁਤਾਬਿਕ LEP-PPPP fund (VI-VIII) ਅਤੇ LEP-PPPP fund (IX-XII) ਵਿੱਚੋਂ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:

| District | No. of Middle Schools | Middle Schools @ Rs. 2400 per school (In Lakhs) | No. of High & Senior Secondary Schools | High & Senior Secondary School @ Rs. 4600 per school (In Lakhs) | Total Amount Per District |
|---|---|---|---|---|---|
| AMRITSAR | 185 | 4.44 | 235 | 10.81 | 15.25 |
| BARNALA | 26 | 0.624 | 92 | 4.232 | 4.856 |
| BATHINDA | 71 | 1.704 | 209 | 9.614 | 11.318 |
| FARIDKOT | 69 | 1.656 | 87 | 4.002 | 5.658 |

| | | | | | |
|---|---|---|---|---|---|
| FATEHGARH SAHIB | 134 | 3.216 | 83 | 3.818 | 7.034 |
| FAZILKA | 74 | 1.776 | 158 | 7.268 | 9.044 |
| FEROZEPUR | 100 | 2.4 | 129 | 5.934 | 8.334 |
| GURDASPUR | 226 | 5.424 | 211 | 9.706 | 15.13 |
| HOSHIARPUR | 221 | 5.304 | 271 | 12.466 | 17.77 |
| JALANDHAR | 154 | 3.696 | 284 | 13.064 | 16.76 |
| KAPURTHALA | 117 | 2.808 | 138 | 6.348 | 9.156 |
| LUDHIANA | 180 | 4.32 | 356 | 16.376 | 20.696 |
| MALERKOTLA | 40 | 0.96 | 55 | 2.53 | 3.49 |
| MANSA | 59 | 1.416 | 137 | 6.302 | 7.718 |
| MOGA | 68 | 1.632 | 170 | 7.82 | 9.452 |
| MUKTSAR | 64 | 1.536 | 161 | 7.406 | 8.942 |
| PATHANKOT | 72 | 1.728 | 83 | 3.818 | 5.546 |
| PATIALA | 167 | 4.008 | 214 | 9.844 | 13.852 |
| ROOPNAGAR | 142 | 3.408 | 122 | 5.612 | 9.02 |
| S.B.S. NAGAR | 103 | 2.472 | 108 | 4.968 | 7.44 |
| SANGRUR | 94 | 2.256 | 182 | 8.372 | 10.628 |
| SAS NAGAR | 99 | 2.376 | 116 | 5.336 | 7.712 |
| TARN TARAN | 89 | 2.136 | 181 | 8.326 | 10.462 |
| **Grand Total** | **2554** | **61.296** | **3782** | **173.972** | **235.268** |

(ਸ਼ਬਦਾਂ ਵਿੱਚ ਦੋ ਕਰੋੜ ਪੈਂਤੀ ਲੱਖ ਛੱਬੀ ਹਜ਼ਾਰ ਅੱਠ ਸੌ ਰੁਪਏ ਕੇਵਲ)

4.5. ਅਧਿਆਪਕ ਵਿਦਿਆਰਥੀਆਂ ਨੂੰ ਘਰ ਵਿੱਚ ਪਏ ਗੱਤੇ ਦੇ ਡੱਬੇ, ਪੁਰਾਣੀ ਉੱਨ, ਬਟਨ, ਮੋਤੀ, ਕੈਂਚੀ, ਚਾਰਟ ਆਦਿ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ। ਪ੍ਰੀ-ਫੇਅਰ ਦੌਰਾਨ ਅਧਿਆਪਕ ਵਿਦਿਆਰਥੀ ਨੂੰ ਦਿੱਤੀ ਗਈ ਐਕਟੀਵਿਟੀ ਨੂੰ ਪਾਠ ਪੁਸਤਕ ਨਾਲ ਜਰੂਰ ਜੋੜੇ ਤਾਂ ਜੋ ਵਿਦਿਆਰਥੀ ਨੂੰ ਸੰਕਲਪ ਸਮਝਣ ਲਈ ਕਿਤਾਬ ਪੜ੍ਹਨ ਅਤੇ ਕਾਪੀ ਤੇ ਨੋਟ ਕਰਨ ਵਿੱਚ ਰੁਚੀ ਪੈਦਾ ਹੋ ਸਕੇ।

4.6. ਵਿਦਿਆਰਥੀ ਆਪਣੇ ਬਣਾਏ ਮਾਡਲ ਜਾਂ Activity ਨੂੰ explain ਕਰੇ।

5.0. ਗਣਿਤ ਮੇਲੇ ਵਾਲੇ ਦਿਨ ਸਕੂਲ ਮੁੱਖੀ ਵੱਲੋਂ ਪਿੰਡ ਦੇ ਪਤਵੰਤੇ ਸੱਜਣ, SMC ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਕਾਰਗੁਜਾਰੀ ਦੀ ਹੌਸਲਾ ਅਫਜਾਈ ਕਰਨ ਲਈ ਸੱਦਾ ਪੱਤਰ ਜਰੂਰ ਦਿੱਤਾ ਜਾਵੇ ਜੀ ਅਤੇ ਉਹਨਾਂ ਦੀ ਫੀਡਬੈਕ ਜਰੂਰ ਲਈ ਜਾਵੇ।

6.0. ਅਧਿਆਪਕ ਵਿਦਿਆਰਥੀਆਂ ਦੀ ਮੇਲੇ ਵਿੱਚ ਕੀਤੀ ਕਾਰਗੁਜਾਰੀ ਦਾ ਮੁਲਾਂਕਣ ਵੀ ਆਪਣੇ ਕੋਲ ਕਰਕੇ ਰੱਖਣ।

7.0. ਗਣਿਤ ਮੇਲੇ ਦੌਰਾਨ ਬਣੇ ਮਾਡਲ/ਕਿਰਿਆਵਾਂ ਬਾਅਦ ਵਿੱਚ ਸਕੂਲ ਵਿੱਚ ਮੌਜੂਦ ਗਣਿਤ ਕਾਰਨਰ/ਲੈਬ ਵਿੱਚ ਰੱਖੀਆਂ ਜਾਣ।

8.0. ਗਣਿਤ ਮੇਲੇ ਨੂੰ ਸੁਚਾਰੂ ਰੂਪ ਵਿੱਚ ਕਰਵਾਉਣ ਲਈ ਸਬੰਧਤ ਡੀ.ਐਮ. ਜਾਂ ਬੀ.ਐਮ. ਆਪਣਾ ਰੂਟ ਪਲਾਨ ਇਸ ਤਰ੍ਹਾਂ ਤਿਆਰ ਕਰਨ ਕਿ ਲਾਜਮੀ ਤੌਰ ਤੇ ਹਰ ਇਕ ਸਕੂਲ ਨੂੰ ਗਣਿਤ ਮੇਲੇ ਦੀ ਤਿਆਰੀ ਲਈ ਘੱਟ ਤੋਂ ਘੱਟ ਇੱਕ ਵਾਰ ਜਾ ਕੇ ਗਾਈਡ ਕਰ ਸਕਣ।

9.0. ਹਰੇਕ ਸਕੂਲ ਤੋਂ ਸਭ ਤੋਂ ਵਧੀਆ 2 ਜਾਂ 3 ਐਕਟੀਵਿਟੀਜ ਦਾ ਬਲਾਕ ਪੱਧਰ ਤੇ ਮੁਲਾਂਕਣ ਕੀਤਾ ਜਾਵੇ।ਹਰੇਕ ਬੀ.ਐਮ ਆਪਣੇ ਬਲਾਕ ਵਿਚੋਂ ਸਭ ਤੋਂ ਵਧੀਆ 5 ਐਕਟੀਵਿਟੀਜ ਦੀਆਂ videos recording ਹੈੱਡ ਆਫਿਸ ਭੇਜਣਗੇ।

10.0. ਹਰੇਕ ਸਕੂਲ ਹੋਣ ਵਾਲੇ ਗਣਿਤ ਮੇਲੇ ਦੀਆਂ ਫੋਟੋਆਂ ਦਾ ਇੱਕ collage ਤਿਆਰ ਕਰਕੇ ਰਿਕਾਰਡ ਰੱਖਣਗੇ।

11.0. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਸਮੂਹ ਪ੍ਰਿੰਸੀਪਲਜ਼ ਡਾਇਟ, ਡਾਇਟ ਮੈਥ ਫੈਕਲਟੀ ਅਤੇ BNOs ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ ਗਣਿਤ ਮੇਲੇ ਦੀ ਮੋਨਿਟਰਿੰਗ ਕਰਨ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨ।

(ਰਾਜੇਸ਼ ਭਾਰਦਵਾਜ)
ਸਹਾਇਕ ਡਾਇਰੈਕਟਰ,
ਐਸ.ਸੀ.ਈ.ਆਰ.ਟੀ, ਪੰਜਾਬ।